ਪ੍ਰ. ਭਾਵੰਸ਼ ਤੋਂ ਕੀ ਭਾਵ ਹੈ । ਉਸ ਦੀ ਸਥਾਪਤੀ ਦੇ ਆਧਾਰਾਂ ਬਾਰੇ ਜਾਣਕਾਰੀ ਦਿਓ ਜਾਂ ਭਾਵੰਸ਼ ਦੀ ਪਰਿਭਾਸ਼ਾ ਦੱਸਦੇ ਹੋਏ ਉਸਦਾ ਵਰਗੀਕਰਨ ਕਰੋ।

ਉ।- ਭਾਵੰਸ਼ ਦੋ ਸ਼ਬਦਾਂ ਦੇ ਸੁਮੇਲ ਤੋਂ ਬਣਿਆ ਹੈ। ਭਾਵ + ਅੰਸ਼। ਭਾਸ਼ਾਂ ਦੇ ਅਧਿਐਨ ਵਿੱਚ ਭਾਵੰਸ਼ ਦਾ ਵਿਸ਼ੇਸ਼ ਸਥਾਨ ਹੈ। ਭਾਵੰਸ਼ ਭਾਸ਼ਾ ਦੀ ਛੋਟੀ ਤੋਂ ਛੋਟੀ ਅਰਥ ਪੂਰਨ ਇਕਾਈ ਨੂੰ ਕਿਹਾ ਜਾਂਦਾ ਹੈ। ਇਸ ਦੇ ਦੋ ਪੱਖ ਵਿਚਾਰਨਯੋਗ ਹਨ।

- ਛੋਟੀ ਤੋਂ ਛੋਟੀ ਇਕਾਈ
- ਅਰਥ ਪੂਰਨ ਇਕਾਈ

ਪਹਿਲੇ ਦਾ ਮਹੱਤਵ ਭਾਵੰਸ਼ ਵਿੱਚ ਸ਼ਾਮਿਲ ਧੁਨੀਆਂ ਦੀ ਤਰਤੀਬ ਵਿੱਚ ਹੈ। ਅਤੇ ਦੂਜੇ ਦਾ ਸੰਬੰਧ ਇਹਨਾਂ ਵਿਚਲੇ ਅਰਥਾਂ ਨਾਲ ਹੈ। ਇਹਨਾਂ ਦੋਹਾਂ ਪੱਖਾਂ ਦਾ ਸੰਬੰਧ ਭਾਸ਼ਾਂ ਦੇ ਪ੍ਰਗਟਾਵੇ ਨਾਲ ਹੈ। ਭਾਵੰਸ਼ ਇੱਕ ਅਜਿਹੀ ਇਕਾਈ ਹੈ ਜਿਸ ਨੂੰ ਅੱਗੇ ਨਹੀਂ ਤੋੜਿਆ ਜਾ ਸਕਦਾ। ਜਿਵੇਂ:- ਪਾਨ। ਇਸ ਵਿੱਚ /ਪ/ + /ਆ/ + /ਨ/ ਧੁਨੀਆਂ ਹਨ। ਜੇਕਰ ਇਹਨਾਂ ਵਿੱਚੋਂ ਕੋਈ ਵੀ ਧੁਨੀ ਕੱਢ ਦਈਏ ਤਾਂ ਕੋਈ ਅਰਥ ਨਹੀਂ ਰਹਿ ਜਾਂਦਾ। ਇਸ ਕਰਕੇ ਇਹ ਸ਼ਬਦ ਪੰਜਾਬੀ ਦਾ ਇੱਕ ਭਾਵੰਸ਼ ਹੈ।

## * ਭਾਵੰਸ਼ਾਂ ਦਾ ਵਰਗੀਕਰਨ :-

ਵਰਗੀਕਰਨ

- ਵਰਤੋਂ ਦੇ ਆਧਾਰ ਤੇ
  - 1. ਸੁਤੰਤਰ ਭਾਵੰਸ਼
  - ਜੁੜਵੇਂ ਜਾਂ ਬੰਧੇਜੀ ਭਾਵੰਸ਼
  - ਸਟੈਮ
- ਬਣਤਰ ਦੇ ਆਧਾਰ ਤੇ
  - ਧਾਤੂ
  - ਵਧੇਤਰ
    - ਅਗੇਤਰ
    - ਪਿਛੇਤਰ
    - ਮਧੇਤਰ

1. ਵਰਤੋਂ ਦੇ ਆਧਾਰ ਤੇ ਵਰਗੀਕਰਨ :- ਇਸ ਆਧਾਰ ਤੇ ਭਾਵੰਸ਼ ਨੂੰ ਤਿੰਨ ਵਰਗਾਂ ਵਿੱਚ ਵੰਡਿਆਂ ਜਾਂਦਾ ਹੈ :-

1.) ਸੁਤੰਤਰ ਭਾਵੰਸ਼ 2.) ਜੁੜਵੇਂ ਭਾਵੰਸ਼ 3.) ਸਟੈਮ

1.) **ਸੁਤੰਤਰ ਭਾਵੰਸ਼ :-** ਆਮ ਕਰਕੇ ਭਾਵੰਸ਼ ਸ਼ਬਦ ਦੇ ਨਾਲ ਜੁੜਕੇ ਹੀ ਸਾਰਥਕਤਾ ਪ੍ਰਾਪਤ ਕਰਦੇ ਹਨ। ਇਸੇ ਦ੍ਰਿਸ਼ਟੀ ਤੋਂ ਸ਼ਬਦ ਨੂੰ ਭਾਸ਼ਾ ਦੀ ਸਭ ਤੋਂ ਛੋਟੀ ਸਾਰਥਕ ਇਕਾਈ ਮੰਨਿਆ ਜਾਂਦਾ ਹੈ। ਪਰ ਕੁਝ ਭਾਵੰਸ਼ ਅਜਿਹੇ ਵੀ ਹਨ। ਜਿਹੜੇ ਆਪਣੇ ਆਪ ਵਿੱਚ ਇਕੱਲੇ ਹੀ ਕੋਈ ਭਾਵ ਪ੍ਰਗਟ ਕਰਦੇ ਹਨ ਅਤੇ ਸ਼ਬਦ ਦਾ ਦਰਜਾ ਵੀ ਰੱਖਦੇ ਹਨ ਜਿਵੇਂ → ਅੱਖ, ਨੱਕ, ਸਿਰ, ਘਰ, ਪਰ, ਪੈਰ ਆਦਿ।

2. **ਜੁੜਵੇਂ ਭਾਵੰਸ਼ :-** ਜਿਹੜੇ ਭਾਵੰਸ਼ ਇਕੱਲੇ ਅਰਥ ਨਾ ਰੱਖਦੇ ਹੋਣ ਅਤੇ ਕਿਸੇ ਸੁਤੰਤਰ ਭਾਵੰਸ਼ ਨਾਲ ਜੁੜ ਕੇ ਆਉਣ ਉਹਨਾਂ ਨੂੰ ਜੁੜਵੇਂ ਭਾਵੰਸ਼ ਕਿਹਾ ਜਾਂਦਾ ਹੈ।
ਜਿਵੇਂ :- ਆਂ (ਾਂ), ਈਂ (ੀਂ), ਏਂ (ੇਂ), ਓਂ (ੋਂ)।

1. ਆਂ (ਾਂ) :- ਜਿਵੇਂ → ਅੱਖਾਂ ਕੰਨਾਂ ਨਾਲ ਸੁਣਿਆ। ਅੱਖਾਂ, ਕੰਨਾਂ ਸਿਰਾਂ ਆਦਿ।
2. ਈਂ (ੀਂ) :- ਅੱਖੀਂ, ਕੰਨੀਂ, ਹੱਥੀਂ, ਪੈਰੀਂ ਆਦਿ।
3. ਏਂ (ੇਂ) :- ਮੋਢੇ, ਕਰੇਂ, ਮੰਗੇ, ਆਖੇਂ ਆਦਿ।
4. ਓਂ (ੋਂ) :- ਅੱਖੋਂ, ਨੱਕੋਂ, ਕੰਨੋਂ, ਹੱਥੋਂ।

3. **ਸਟੈਮ :-** ਭਾਸ਼ਾ ਦੀ ਸ਼ਬਦ ਵਰਤੋਂ ਵੇਲੇ ਉਪਸਰਗ ਮੂਲ ਨਾਲ ਸਿੱਧੇ ਜਾਂ ਕਿਸੇ ਹੋਰ ਭਾਵੰਸ਼ ਨਾਲ ਲੱਗ ਕੇ ਜੁੜ ਸਕਦੇ ਹਨ। ਅਜਿਹੇ ਸ਼ਬਦ ਉਦਾਹਰਨ ਜਿੰਨਾਂ ਵਿੱਚ ਇਕ ਮੂਲ ਤੇ ਅਗੇਤਰ ਜਾਂ ਪਿਛੇਤਰ ਹੋਵੇ। ਉਸ ਨੂੰ ਸਟੈਮ ਕਿਹਾ ਜਾਂਦਾ ਹੈ।

ਜਿਵੇਂ :- 'ਅਣਢਾਹਿਆ' ਸ਼ਬਦ ਵਿੱਚ 'ਅਣ' ਅਗੇਤਰ ਅਤੇ ਢਾਹਿਆ 'ਸਟੈਮ' ਹੈ।

2.) ਬਣਤਰ ਦੇ ਆਧਾਰ ਤੇ :- ਇਸ ਆਧਾਰ ਤੇ ਭਾਵੰਸ਼ਾਂ ਨੂੰ ਦੋ ਭਾਗਾਂ ਵਿੱਚ ਵੰਡਿਆ ਜਾਂਦਾ ਹੈ।

1. ਧਾਤੂ
2. ਵਧੇਤਰ

1. ਧਾਤ : ਸੁਤੰਤਰ ਭਾਵੰਸ਼ਾਂ ਨੂੰ ਮੂਲ ਸ਼ਬਦ ਜਾਂ ਧਾਤੂ ਕਿਹਾ ਜਾਂਦਾ ਹੈ। ਇਹ ਸ਼ਬਦ ਆਪਣੇ ਆਪ ਵਿੱਚ ਸੁਤੰਤਰ ਅਤੇ ਪੂਰੇ ਹੁੰਦੇ ਹਨ। ਇਹਨਾਂ ਦੇ ਆਪਣੇ ਅਰਥ ਹੁੰਦੇ ਹਨ ਅਤੇ ਇਹ ਕਿਸੇ ਹੋਰ ਸ਼ਬਦ ਦੀ ਸਹਾਇਤਾ ਤੋਂ ਬਗੈਰ ਹੀ ਵਰਤੇ ਜਾਂਦੇ ਹਨ।

ਇਹਨਾਂ ਨੂੰ ਅੱਗੋਂ ਹੋਰ ਸਾਰਥਕ ਹਿੱਸਿਆਂ ਵਿੱਚ ਨਹੀਂ ਤੋੜਿਆ ਜਾ ਸਕਦਾ। ਇਹ ਸ਼ਬਦ ਰਚਿਤ ਸ਼ਬਦਾਂ ਦਾ ਮੂਲ ਆਧਾਰ ਬਣਦੇ ਹਨ ਭਾਵ ਇਹਨਾਂ ਤੋਂ ~~ਵਿਸ਼ਾਂ~~ ਸ਼ਬਦ ਸਿਰਜਣਾ ~~ਕੀ~~ ਕੀਤੀ ਜਾਂਦੀ ਹੈ। ਜਿਵੇਂ : 'ਘਰ ਤੋਂ ਘਰੇਲੂ, ਘਰੋਗੀ, ਘਰਬਾਰ ਆਦਿ।

2. ਪੜ੍ਹ ਤੋਂ ਪੜ੍ਹਾਈ, ਪੜ੍ਹਨਾ, ਪੜ੍ਹਾਕੂ ਆਦਿ।
3. ਡਰ ਤੋਂ ਡਰਾਕਲ, ਡਰਨਾ, ਡਰੋਣਾ ਆਦਿ।
4. ਲਿਖ ਤੋਂ ਲਿਖਤ, ਲਿਖਣਾ, ਲਿਖਾਈ ਆਦਿ।

2. ਵਧੇਤਰ : ਸੁਤੰਤਰ ਭਾਵੰਸ਼ਾਂ ਨਾਲ ਜੁੜ ਕੇ ਆਉਣ ਵਾਲੇ ਭਾਵੰਸ਼ ਵਧੇਤਰ ਕਹਾਉਂਦੇ ਹਨ। ਮੂਲ (ਧਾਤੂ) ਭਾਵੰਸ਼ਾਂ ਦੇ ਮੁਕਾਬਲੇ ਵਧੇਤਰਾਂ ਦੀ ਗਿਣਤੀ ਘੱਟ ਹੁੰਦੀ ਹੈ। ਵਧੇਤਰ ਤਿੰਨ ਪ੍ਰਕਾਰ ਦੇ ਹੁੰਦੇ ਹਨ :

1. ਅਗੇਤਰ
2. ਮਧੇਤਰ
3. ਪਿਛੇਤਰ

ੳ.) **ਅਗੇਤਰ** :→ ਉਹ ਭਾਵੰਸ਼ ਜੋ ਸ਼ਬਦ ਦੇ ਮੁਹਰਲੇ ਜਾਂ ਅਗਲੇ ਪਾਸੇ ਜੋੜੇ ਜਾਂਦੇ ਹਨ, ਨੂੰ ਅਗੇਤਰ ਕਿਹਾ ਜਾਂਦਾ ਹੈ। ਜਿਵੇਂ - ਅਣ - ਪੜ੍ਹ, ਅਣ-ਜਾਣ, ਅਣ -ਗਿਣਤ ਆਦਿ। ਦੁਰ - ਦੁਰਗੰਧ, ਦੁਰਘਟਨਾ, ਦੁਰਵਰਤੋਂ।

ਅ.) **ਮਧੇਤਰ** :→ ਮਧੇਤਰ ਤੋਂ ਭਾਵ ਉਹਨਾਂ ਭਾਵੰਸ਼ਾਂ ਤੋਂ ਹੈ ਜੋ ਸ਼ਬਦ ਦੇ ਵਿਚਕਾਰ ਜੁੜ ਕੇ ਸ਼ਬਦ ਸਿਰਜਣਾ ਕਰਦੇ ਹਨ। ਪੰਜਾਬੀ ਵਿੱਚ ਇਸ ਦੀਆਂ ਬਹੁਤ ਘੱਟ ਉਦਾਹਰਨਾਂ ਮਿਲਦੀਆਂ ਹਨ। ਮਾਰ → ਮ -/ਆ/- ਰ (ਆ ↑ ਮਧੇਤਰ)
ਗਾਰ, ਮਾਰ ਆਦਿ।

ੲ.) **ਪਿਛੇਤਰ** :→ ਇਹ ਭਾਵੰਸ਼ ਸ਼ਬਦ ਮੂਲ ਦੇ ਪਿਛਲੇ ਪਾਸੇ ਜੁੜਦੇ ਹਨ ਤੇ ਇਹਨਾਂ ਨੂੰ ਪਛੇਤਰ ਕਿਹਾ ਜਾਂਦਾ ਹੈ। ਜਿਵੇਂ :- ਆਂ → ਕੁੜੀਆਂ, ਚਿੜੀਆਂ ਆਦਿ।
- ਵਾਂ :→ ਸਾਵਾਂ, ਪਰਛਾਵਾਂ, ਗਾਵਾਂ ਆਦਿ।
- ਆਲੂ :→ ਝਗੜਾਲੂ

ਸੋ ਇਸ ਪ੍ਰਕਾਰ ਪੰਜਾਬੀ ਭਾਸ਼ਾ ਵਿੱਚ ਭਾਵੰਸ਼ ਭਾਸ਼ਾ ਦੀ ਬਣਤਰ ਵਿੱਚ ਅਹਿਮ ਰੋਲ ਅਦਾ ਕਰਦੇ ਹਨ ਭਾਸ਼ਾ ਦੀ ਸਭ ਤੋਂ ਛੋਟੀ ਇਕਾਈ ਹੋਣ ਕਰਕੇ ਇਹਨਾਂ ਤੋਂ ਬਿਨਾਂ ਸ਼ਬਦ ਸਿਰਜਣਾ ਸੰਭਵ ਨਹੀਂ ਹੈ। ਇਹ ਭਾਸ਼ਾ ਦੀ ਮਹੱਤਵਪੂਰਨ ਇਕਾਈ ਹੈ।